ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।
ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਈ-ਬਲਾਕ, ਪੰਜਵੀਂ ਮੰਜਿਲ, ਫੇਜ਼-8, ਐਸ.ਏ.ਐਸ. ਨਗਰ।
(ਵਜੀਫਾ ਸ਼ਾਖਾ)

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਪੰਜਾਬ।

ਮੀਮੋ ਨੰ.ਈ- 758471/2026/51148
ਮਿਤੀ:- 01-06-2026

ਵਿਸ਼ਾ- ਪ੍ਰੀ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ ਐਂਡ ਅਦਰਜ਼ (ਕੰਪੋਨੈਂਟ-1), ਪ੍ਰੀ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ ਐਂਡ ਅਦਰਜ਼ (ਕੰਪੋਨੈਂਟ-2) ਅਤੇ (PM YASASVI) ਪ੍ਰੀ ਮੈਟ੍ਰਿਕ ਸਕਾਲਰਸ਼ਿਪ ਫਾਰ ਓ.ਬੀ.ਸੀ, ਈ.ਬੀ.ਸੀ ਐਂਡ ਡੀ.ਐਨ.ਟੀ ਸਟੂਡੈਂਟਸ ਸਕੀਮ ਅਧੀਨ ਸਾਲ 2026-27 ਦੇ ਯੋਗ ਲਾਭਪਾਤਰੀਆਂ ਨੂੰ ਐਨ.ਐਸ.ਪੀ. ਪੋਰਟਲ ਤੇ ਅਪਲਾਈ ਕਰਵਾਉਣ ਸਬੰਧੀ ।

1. ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਮੁੱਖ ਦਫਤਰ ਵਲੋ ਭਾਰਤ ਸਰਕਾਰ ਨੂੰ ਉਕਤ ਸਕੀਮਾਂ ਅਧੀਨ ਨੈਸ਼ਨਲ ਸਕਾਲਰਸ਼ਿਪ ਪੋਰਟਲ ਤੇ ਯੋਗ ਵਿਦਿਆਰਥੀਆਂ ਨੂੰ ਵਜੀਫੇ ਲਈ ਅਪਲਾਈ ਕਰਨ ਲਈ ਮਿਤੀ 01-06-2026 ਤੋਂ ਪੋਰਟਲ ਖੋਲਣ ਸਬੰਧੀ ਬੇਨਤੀ ਪੱਤਰ ਲਿਖਿਆ ਗਿਆ ਸੀ। ਭਾਰਤ ਸਰਕਾਰ ਵਲੋ ਨੈਸ਼ਨਲ ਸਕਾਲਰਸ਼ਿਪ ਪੋਰਟਲ ਤੇ ਯੋਗ ਵਿਦਿਆਰਥੀਆਂ ਨੂੰ ਅਪਲਾਈ ਕਰਵਾਉਣ ਲਈ ਹੇਠ ਦਰਸਾਏ ਅਨੁਸਾਰ ਅਪਲਾਈ ਕਰਵਾਇਆ ਜਾਣਾ ਹੈ –

| | |
|---|---|
| Application for students opening date | 01.06.2026 |
| Application for students closing date | 06.08.2026 |
| L1 Application verification for institute level last date | 20.08.2026 |
| L2 Verification at DEO level last date | 31.08.2026 |

2. ਉਕਤ ਸਕੀਮ ਅਧੀਨ ਵੱਧ ਤੋਂ ਵੱਧ ਯੋਗ ਲਾਭਪਾਤਰੀਆਂ ਨੂੰ ਵਜੀਫੇ ਲਈ ਅਪਲਾਈ ਕਰਵਾਉਣਾ ਯਕੀਨੀ ਬਣਾਇਆ ਜਾਵੇ।

3. *ਇਸ ਲਈ ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਨੂੰ ਲਿਖਿਆ ਜਾਂਦਾ ਹੈ ਕਿ ਆਪਣੇ ਅਧੀਨ ਆਉਂਦੇ ਸਕੂਲਾਂ ਦੇ ਮੁਖੀਆਂ ਨੂੰ ਹਦਾਇਤ ਕੀਤੀ ਜਾਵੇ ਕਿ ਮਿੱਥੇ ਸਮੇਂ ਦੇ ਅੰਦਰ-2 ਵੱਧ ਤੋਂ ਵੱਧ ਯੋਗ ਵਿਦਿਆਰਥੀਆਂ ਨੂੰ ਅਪਲਾਈ ਕਰਵਾਉਣਾ ਯਕੀਨੀ ਬਣਾਇਆ ਜਾਵੇ ਤਾਂ ਜੋ ਕੋਈ ਵੀ ਯੋਗ ਲਾਭਪਾਤਰੀ ਵਜੀਫੇ ਦੇ ਲਾਭ ਤੋਂ ਵਾਂਝਾ ਨਾ ਰਹਿ ਜਾਵੇ ।*

ਗੁਰਮੀਤ 01.06.2026
ਸਹਾਇਕ ਡਾਇਰੈਕਟਰ (ਵਜੀਫਾ)

Scanned with OKEN Scanner

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ: ਸਿ), ਬਠਿੰਡਾ।

ਪਿੱਠ ਅੰਕਣ ਨੰ: ਸੀ-5/1(1)/2026/372 ਮਿਤੀ: 02/06/2026

ਉਪਰੋਕਤ ਦਾ ਉਤਾਰਾ ਸਮੂਹ ਸਬੰਧਤ ਸੰਸਥਾਵਾਂ ਨੂੰ ਭਿਜਵਾਇਆ ਜਾਂਦਾ ਹੈ ਕਿ ਉਕਤ ਪੱਤਰ ਵਿੱਚ ਦਰਜ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ। NSP ਪੋਰਟਲ 01-06-2026 ਨੂੰ ਖੁੱਲ੍ਹ ਚੁੱਕਾ ਹੈ ਜੋ ਪ੍ਰੀ-ਮੈਟ੍ਰਿਕ ਐੱਸ.ਸੀ (ਕੰਪੋਨੈਂਟ-1 & 2); ਪੋਸਟ-ਮੈਟ੍ਰਿਕ ਸਕਾਲਰਸ਼ਿਪ ਫਾਰ ਓ.ਬੀ.ਸੀ ਸੈਸ਼ਨ ਸਾਲ 2026-27 ਦੇ ਯੋਗ ਲਾਭਪਾਤਰੀਆਂ ਨੂੰ NSP ਪੋਰਟਲ ਤੇ ਅਪਲਾਈ ਕਰਵਾਇਆ ਜਾਵੇ। ਜੇਕਰ ਕੋਈ ਯੋਗ ਵਿਦਿਆਰਥੀ ਵਜ਼ੀਫਾ ਅਪਲਾਈ ਹੋਣ ਤੋਂ ਵਾਂਝਾ ਰਹਿ ਜਾਂਦਾ ਹੈ ਤਾਂ ਇਸ ਦੀ ਨਿਰੋਲ ਜ਼ਿੰਮੇਵਾਰੀ ਸਬੰਧਤ ਮੁਖੀ ਦੀ ਹੋਵੇਗੀ।

02/06/26

ਉਪ ਜ਼ਿਲ੍ਹਾ ਸਿੱਖਿਆ ਅਫਸਰ (ਸੈ: ਸਿ)
ਬਠਿੰਡਾ

02/06/26